# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ, ਮੋਹਾਲੀ

ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇ-8, ਮੋਹਾਲੀ, ਫੋਨ ਨੰ. 0172-2212221

---

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ/ਸੈ.ਸਿ.)

ਸਮੂਹ ਸਕੂਲ ਮੁੱਖੀ (ਵੈੱਬ ਸਾਇਟ ਰਾਹੀਂ)

ਪੰਜਾਬ

ਮੀਮੋ ਨੰ: SCERT, QP/UP/2021/196748 ਮਿਤੀ:- 22-6-2021

**ਵਿਸ਼ਾ:- 'Teacher Fest' ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਿੱਖਿਆ ਵਿਭਾਗ ਵਿੱਚ ਕੰਮ ਕਰ ਰਹੇ ਵੱਖ-ਵੱਖ ਵਿਸ਼ਾ ਅਧਿਆਪਕਾਂ ਵਲੋਂ ਸਮੇਂ ਸਮੇਂ ਤੇ ਆਪਣੇ ਵਿਸ਼ੇ ਦੀ Teaching Learning process ਨੂੰ ਹੋਰ ਗੁਣਾਤਮਕ, ਆਸਾਨ ਅਤੇ ਵਿਦਿਆਰਥੀਆਂ ਦੀ ਪਕੜ ਵਿੱਚ ਲਿਆਉਣ ਲਈ ਬਹੁਤ ਤਰ੍ਹਾਂ ਦੇ ਆਪਣੇ ਪੱਧਰ ਤੇ Teaching Learning Material ਤਿਆਰ ਕੀਤੇ ਜਾਂਦੇ ਹਨ ਜਿਵੇਂ ਕਿ

1. Model/ Teaching Aids
2. Apps(Innovative)
3. Games
4. Video Games
5. Innovative Charts
6. Flash cards, Kits etc.
7. One Act play
8. Handwriting/Calligraphy Competition
9. IT Tools etc.

3.0 ਜੋ ਕਿ ਵਿਸ਼ਾ ਅਧਿਆਪਕਾਂ ਦੀ ਆਪਣੀ innovation ਹੁੰਦੀ ਹੈ ਪਰ ਇਹ innovation ਉਨ੍ਹਾਂ ਦੇ ਸਕੂਲ ਪੱਧਰ/ਵਿਦਿਆਰਥੀ ਪੱਧਰ ਤੱਕ ਹੀ ਰਹਿ ਜਾਂਦੀ ਹੈ। ਇਸ ਲਈ ਅਧਿਆਪਕਾਂ ਵਲੋਂ ਕੀਤੀਆਂ ਗਈਆਂ innovations ਨੂੰ ਦੂਸਰੇ ਵਿਸ਼ਾ ਅਧਿਆਪਕਾਂ ਨਾਲ ਸਾਂਝਾ ਕਰਨ ਦਾ ਮੌਕਾ ਦੇਣ ਲਈ ਅਤੇ ਅਧਿਆਪਕਾਂ ਵੱਲੋਂ ਕੀਤੀਆਂ ਗਈਆਂ innovations ਨੂੰ ਵਿਦਿਆਰਥੀਆਂ ਲਈ ਕਿਸ ਤਰ੍ਹਾਂ ਲਾਭਦਾਇਕ ਹੈ ਬਾਰੇ ਦੂਸਰੇ ਵਿਸ਼ਾ ਅਧਿਆਪਕਾਂ ਨੂੰ ਜਾਣਕਾਰੀ ਦੇਣ ਲਈ, ਸਿੱਖਿਆ ਵਿਭਾਗ ਵੱਲੋਂ ਅਧਿਆਪਕਾਂ ਦੁਆਰਾ ਕੀਤੀਆਂ ਜਾ ਰਹੀਆਂ innovations ਨੂੰ ਵਧਾਵਾ ਦੇਣ ਲਈ 'Teacher Fest' ("ਅਧਿਆਪਕ ਪਰਵ") ਕਰਵਾਇਆ ਜਾ ਰਿਹਾ ਹੈ।

ਦ. 22/6/21

## 4.0 Action Plan with Timeline:-

ਇਸ 'Teacher Fest' ਨੂੰ DMs/BMs ਦੀ ਮਦਦ ਨਾਲ ਹੇਠ ਲਿਖੇ ਤਿੰਨ ਪੜਾਵਾਂ ਵਿੱਚ Online ਕਰਵਾਇਆ ਜਾ ਰਿਹਾ ਹੈ :-

- ਬਲਾਕ ਪੱਧਰ
- ਜ਼ਿਲ੍ਹਾ ਪੱਧਰ
- ਸਟੇਟ ਪੱਧਰ

4.1. ਇਸ ਲਈ ਵੱਖ-ਵੱਖ ਵਿਸ਼ਿਆਂ ਦੇ DMs/BMs ਰਾਹੀਂ ਅਧਿਆਪਕਾਂ ਤੋਂ ਬਲਾਕ ਪੱਧਰ ਤੇ Online entries ਲਈਆਂ ਜਾਣਗੀਆਂ। ਇਸ ਉਪਰੰਤ ਵਿਭਾਗ ਵੱਲੋ ਜਾਰੀ ਨਿਸ਼ਚਿਤ ਮਿਤੀ ਅਤੇ ਸਮਾਂ ਦੇ ਕੇ online block level ਤੇ ਉਹਨਾਂ ਵੱਲੋਂ ਤਿਆਰ ਕੀਤੀਆਂ Teaching Aids ਦਾ demo ਲਿਆ ਜਾ ਜਾਵੇਗਾ।

4.2. ਜਿਸ ਲਈ DEO(SE) ਦੀ ਦੇਖ-ਰੇਖ ਵਿੱਚ jury ਨਿਸ਼ਚਿਤ ਕੀਤੀ ਜਾਵੇ।

4.3. Jury ਰਾਹੀਂ ਬਲਾਕ ਪੱਧਰ ਤੇ ਵਧੀਆਂ innovations ਨੂੰ ਚੁਣ ਕੇ ਜਿਲਾ ਪੱਧਰ ਲਈ 'Teacher Fest' ਦੀਆਂ entries ਲਈਆਂ ਜਾਣਗੀਆਂ। ਇਸੇ ਤਰ੍ਹਾਂ ਜ਼ਿਲ੍ਹਾ ਪੱਧਰ ਤੇ entries ਲੈ ਕੇ ਸਟੇਟ ਪੱਧਰ ਲਈ entries select ਕੀਤੀਆਂ ਜਾਣਗੀਆਂ।

4.4. ਸਟੇਟ ਪੱਧਰ ਤੇ Teacher Fest, ਸਤੰਬਰ 5 ਨੂੰ ਹਰ ਸਾਲ ਮਨਾਏ ਜਾਣ ਵਾਲੇ 'Teacher Day' ਤੋਂ ਤਿੰਨ ਦਿਨ ਪਹਿਲਾਂ ਰਾਜ ਪੱਧਰ ਤੇ ਕਿਸੇ ਜਿਲ੍ਹੇ ਵਿੱਚ ਤਿੰਨ ਦਿਨ ਲਈ ਕਰਵਾਇਆ ਜਾਵੇਗਾ। ਇਸ ਲਈ ਬਲਾਕ/ ਜ਼ਿਲ੍ਹਾ/ ਸਟੇਟ ਪੱਧਰ ਦੀਆਂ ਮਿਤੀਆਂ ਹੇਠ ਲਿਖੀਆਂ ਅਨੁਸਾਰ ਹੈ:-

| Level | Tentative Dates | Participants | Online Judgement |
|---|---|---|---|
| Block Level | July 22-24, 2021 | All Subjects Teachers | Online judge at block level |
| District Level | August 26-28, 2021 | Teachers Selected at Block Level | Online judge at District level |
| State Level | September 01-03, 2021 | Teachers Selected at District Level | Online judge at State level |

5.0 ਇਸ ਪਰਵ ਵਿੱਚ ਵਿਸ਼ਾ ਅਧਿਆਪਕ individual ਤੋਰ ਤੇ ਜਾਂ group activity ਵਿੱਚ ਵੀ ਭਾਗ ਲੈ ਸਕਦੇ ਹਨ ।

## 6.0 Organization and Prize Money :-

6.1. ਇਸ ਪਰਵ ਨੂੰ Organize ਕਰਵਾਉਣ ਲਈ ਤਹਿ ਕੀਤੀ jury ਰਾਹੀਂ ਬਲਾਕ ਪੱਧਰ ਤੇ Online judgment ਕਰਵਾਈ ਜਾਵੇਗੀ। ਜਿਸ ਵਿੱਚ ਹਰ ਇਕ ਵਿਸ਼ੇ ਦੀਆਂ ਪਹਿਲੀਆਂ 3 positions ਹਾਸਿਲ ਕਰਨ ਵਾਲੇ ਅਧਿਆਪਕਾਂ ਨੂੰ ਜ਼ਿਲ੍ਹਾ ਪੱਧਰ ਤੇ ਆਪਣਾ TLM/Innovation ਪ੍ਰਦਰਸ਼ਿਤ ਕਰਨ ਦਾ ਮੌਕਾ ਦਿੱਤਾ ਜਾਵੇ।

6.2. ਇਸੇ ਤਰ੍ਹਾਂ District level ਤੇ ਹਰੇਕ ਵਿਸ਼ੇ ਦੀਆਂ best innovation ਪ੍ਰਦਰਸ਼ਿਤ ਕਰਨ ਵਾਲੇ ਅਧਿਆਪਕ ਨੂੰ ਸਟੇਟ ਪੱਧਰ ਲਈ ਚੁਣਿਆ ਜਾਵੇ।

22-6-21

6.3. ਜੇਕਰ COVID-19 ਦਾ ਪ੍ਰਕੋਪ ਘੱਟਦਾ ਹੈ ਅਤੇ ਸਕੂਲ ਖੁਲਦੇ ਹਨ ਤਾਂ ਇਹ ਸਟੇਟ ਪੱਧਰ ਤੇ 'Teacher Fest' Physical Mode ਵਿੱਚ ਵੀ ਕਰਵਾਇਆ ਜਾ ਸਕਦਾ ਹੈ। ਇਸ ਦੀ ਪ੍ਰਦਰਸ਼ਨੀ( Exhibition) ਨੂੰ Public Domain ਵਿਚ ਵੀ ਖੋਲ੍ਹਿਆ ਜਾ ਸਕਦਾ ਹੈ। ਜੇਕਰ COVID-19 persist ਕਰਦਾ ਹੈ ਤਾਂ ਇਸ ਨੂੰ virtually conclude ਕੀਤਾ ਜਾਵੇਗਾ।

6.4. ਇਸ ਪਰਵ ਵਿੱਚ ਹਰ ਪੱਧਰ ਤੇ ਪੁਜੀਸ਼ਨ ਹਾਸਲ ਕਰਨ ਵਾਲੇ ਅਧਿਆਪਕਾਂ/ਲੈਕਚਰਾਰਾਂ ਨੂੰ ਵਿਭਾਗ ਵੱਲੋਂ e-certificate, ਸਨਮਾਨ ਪੱਤਰ ਅਤੇ ਨਕਦ ਇਨਾਮ ਦਿੱਤਾ ਜਾਵੇਗਾ। ਇਹ 'Teacher Fest' ਨੂੰ ਬਲਾੱਕ ਪੱਧਰ, ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ ਤੇ ਕਰਵਾਉਣ ਲਈ ਆਉਣ ਵਾਲੇ ਖਰਚੇ ਅਤੇ ਇਨਾਮ ਰਾਸ਼ੀ ਲਈ ਸਮੱਗਰ ਸਿੱਖਿਆ ਅਭਿਆਨ ਦੇ MMER ਫੰਡ ਵਿੱਚੋਂ ਹੇਠ ਲਿਖੇ ਅਨੁਸਾਰ DEO(EE) ਨੂੰ ਫੰਡ ਰੀਲੀਜ਼ ਕੀਤੇ ਜਾ ਰਹੇ ਹਨ:-

| SNo. | Item name | Units | Unit Cost | Total (In Rs.) |
|---|---|---|---|---|
| 1 | 'Teacher-Fest' at Block Level | 228 | Rs. 1000 per subject per Block for 10 subjects | 22,80,000.00 |
| 2 | 'Teacher-Fest' at District Level | 22 | Rs. 50,000.00 per District | 11,00,000.00 |
| 3 | 'Teacher-Fest' at State Level | 1 | Rs. 6,00,000.00 | 6,00,000.00 |
| **Grand Total** | | | | 39,80,000.00 |

**ਸ਼ਬਦਾਂ ਵਿੱਚ ਉਨਤਾਲੀ ਲੱਖ ਅੱਸੀ ਹਜ਼ਾਰ ਰੁਪਏ ਕੇਵਲ**

6.5. ਇਸ ਤੋਂ ਇਲਾਵਾ ਚੁਣੇ ਹੋਏ ਅਧਿਆਪਕਾਂ ਲਈ ACR/State Award ਵਿੱਚ ਵੀ ਕੁਝ ਅੰਕ ਰੱਖੇ ਗਏ ਹਨ ਤਾਂ ਜੋ ਅਧਿਆਪਕਾਂ ਦਾ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ innovations ਕਰਦੇ ਰਹਿਣ ਦਾ ਉਤਸ਼ਾਹ ਬਣਿਆ ਰਹੇ।

ਸ਼ੁਭ ਇਛਾਵਾਂ!

22/6/21

ਡਾਇਰੈਕਟਰ

ਐਸ.ਸੀ.ਈ.ਆਰ.ਟੀ, ਪੰਜਾਬ।